

ਪਾਠ-2

# ਦਾਦਾ ਜੀ ਜਦੋਂ ਜਵਾਨ ਸਨ



ਰਾਜੂ ਦੇ ਘਰ ਇੱਕ ਪੁਰਾਣੀ ਤਸਵੀਰ ਲੱਗੀ ਹੋਈ ਸੀ। ਇੱਕ ਦਿਨ ਰਾਜੂ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ, "ਇਹ ਕਿਸਦੀ ਤਸਵੀਰ ਹੈ?"

**ਪਿਤਾ ਜੀ** — ਇਹ ਮੇਰੇ ਪਿਤਾ ਜੀ ਦੀ ਤਸਵੀਰ ਹੈ।

**ਰਾਜੂ** — (ਹੈਰਾਨ ਹੋ ਕੇ)। ਤੁਹਾਡੇ ਪਿਤਾ ਜੀ, ਯਾਨੀ ਮੇਰੇ ਦਾਦਾ ਜੀ!

**ਪਿਤਾ** — ਹਾਂ, ਬੇਟੇ।



**ਰਾਜੂ** — ਪਰ ਦਾਦਾ ਜੀ ਤਾਂ ਬਹੁਤ ਕਮਜ਼ੋਰ ਹਨ, ਉਹ ਤਾਂ ਤੁਰਦੇ ਵੀ ਸੋਟੀ ਨਾਲ਼ ਹਨ। ਇਹ ਤਾਂ ਬਹੁਤ ਤਕੜਾ ਆਦਮੀ ਜਾਪਦਾ ਹੈ।

**ਪਿਤਾ** — ਬੇਟੇ, ਉਹ ਆਪਣੀ ਜਵਾਨੀ ਸਮੇਂ ਬਹੁਤ ਤਕੜੇ ਸਨ। ਹੁਣ ਉਹ ਬੁੱਢੇ ਹੋ ਗਏ ਹਨ।

**ਰਾਜੂ** — ਤੁਸੀਂ ਵੀ ਬੁੱਢੇ ਹੋ ਜਾਵੋਗੇ ?

**ਪਿਤਾ** — ਹਾਂ ਬੇਟੇ, ਮੈਂ ਹੀ ਨਹੀਂ, ਤੇਰੀ ਮਾਤਾ ਵੀ ਸਮੇਂ ਨਾਲ਼ ਬੁੱਢੀ ਹੋ ਜਾਵੇਗੀ, ਪਰ ਤਦ ਤੱਕ ਤੂੰ ਜਵਾਨ ਹੋ ਜਾਵੇਂਗਾ।

ਰਾਜੂ ਦਾ ਆਪਣੇ ਦਾਦਾ ਜੀ ਨਾਲ਼ ਬਹੁਤ ਪਿਆਰ ਹੈ। ਘਰ ਵਿੱਚ ਅਖ਼ਬਾਰ ਆਉਂਦਾ ਹੈ। ਦਾਦਾ ਜੀ ਦੀ ਨਿਗ੍ਹਾ ਕਮਜ਼ੋਰ ਹੋਣ ਕਰਕੇ ਉਹ ਅਖ਼ਬਾਰ ਨਹੀਂ ਪੜ੍ਹ ਸਕਦੇ, ਇਸ ਲਈ ਰਾਜੂ ਉਹਨਾਂ ਨੂੰ ਅਖ਼ਬਾਰ ਪੜ੍ਹ ਕੇ ਸੁਣਾਉਂਦਾ ਹੈ। ਜਦੋਂ ਦਾਦਾ ਜੀ ਨੂੰ ਪਿਆਸ ਲਗਦੀ ਹੈ ਤਾਂ ਰਾਜੂ ਉਨ੍ਹਾਂ ਲਈ ਪਾਣੀ ਲੈ ਕੇ ਆਉਂਦਾ ਹੈ। ਦਾਦਾ ਜੀ ਵੀ ਰਾਜੂ ਨੂੰ ਬਹੁਤ ਪਿਆਰ ਕਰਦੇ ਹਨ।

ਰਾਜੂ ਨੇ ਆਪਣੇ ਦਾਦਾ ਜੀ ਨੂੰ ਕਿਹਾ ਕਿ ਉਸਨੂੰ ਬਹੁਤ ਦੁੱਖ ਹੈ ਕਿ ਉਹ ਹੁਣ ਇੰਨੇ

ਕਮਜ਼ੋਰ ਹੋ ਗਏ ਹਨ ਅਤੇ ਉਨ੍ਹਾਂ ਨੂੰ ਦਿਸਣ ਵੀ ਘੱਟ ਲੱਗ ਪਿਆ ਹੈ। ਦਾਦਾ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦਾ ਫ਼ਿਕਰ ਨਹੀਂ ਕਿਉਂਕਿ ਰਾਜੂ ਦੇ ਮਾਤਾ-ਪਿਤਾ ਉਨ੍ਹਾਂ ਦੀ ਬਹੁਤ ਵਧੀਆ ਦੇਖਭਾਲ ਕਰਦੇ ਹਨ।

**ਪ੍ਰਸ਼ਨ 1. ਤੁਸੀਂ ਆਪਣੇ ਪਰਿਵਾਰ ਦੇ ਬਜ਼ੁਰਗਾਂ ਲਈ ਕੀ ਕਰਦੇ ਹੋ ?**

..................................................................................

..................................................................................

**ਪ੍ਰਸ਼ਨ 2. ਪਰਿਵਾਰ ਦੇ ਬਜ਼ੁਰਗ ਤੁਹਾਡੇ ਲਈ ਕੀ ਕਰਦੇ ਹਨ ?**

..................................................................................

..................................................................................

**ਪ੍ਰਸ਼ਨ 3. ਬਜ਼ੁਰਗਾਂ ਨੂੰ ਸਾਡੀ ਮਦਦ ਦੀ ਲੋੜ ਕਿਉਂ ਪੈਂਦੀ ਹੈ ?**

..................................................................................

..................................................................................

### ਕੁੱਝ ਲੋਕ ਨਜ਼ਰ ਤੋਂ ਬਿਨਾਂ ਵੀ ਪੜ੍ਹ ਲੈਂਦੇ ਹਨ।

ਛੁੱਟੀਆਂ ਵਿੱਚ ਇੱਕ ਦਿਨ ਸੋਨੂੰ ਅਤੇ ਉਸਦੇ ਦੋਸਤ ਬੜਾ ਰੌਲ਼ਾ ਪਾ ਰਹੇ ਸਨ। ਉਸਦੇ ਚਾਚੇ ਨੇ ਆ ਕੇ ਪੁੱਛਿਆ ਕਿ ਤੁਸੀਂ ਕਿਸ ਗੱਲ 'ਤੇ ਇੰਨਾ ਸ਼ੋਰ ਕਰ ਰਹੇ ਹੋ ?

ਸੋਨੂੰ — ਚਾਚਾ ਜੀ, ਅੱਜ ਮਨੋਜ ਬੜੀ ਗੱਪ ਮਾਰੀ ਜਾਂਦਾ ਹੈ।

ਚਾਚਾ — ਕੀ ਗੱਪ ਮਾਰ ਰਿਹਾ ਹੈ ?

ਸੋਨੂੰ — ਇਹ ਕਹਿੰਦਾ ਹੈ ਕਿ ਇੱਕ ਮੁੰਡੇ ਨੂੰ ਅੱਖਾਂ ਤੋਂ ਬਿਲਕੁਲ ਨਹੀਂ ਦਿਸਦਾ। ਉਹ ਫਿਰ ਵੀ ਕਿਤਾਬਾਂ ਪੜ੍ਹ ਲੈਂਦਾ ਹੈ। ਇੰਞ ਕਿਵੇਂ ਹੋ ਸਕਦਾ ਹੈ ?

ਸੋਨੂੰ ਦਾ ਦੋਸਤ — ਚਾਚਾ ਜੀ, ਅਸੀਂ ਇਸਨੂੰ ਕਿਹਾ ਹੈ ਕਿ ਅਸੀਂ ਇਸ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਦਿੰਦੇ ਹਾਂ, ਫਿਰ ਇਹ ਪੜ੍ਹ ਕੇ ਵਿਖਾਵੇ।

ਚਾਚਾ — ਹਾਂ ਬਈ ਮਨੋਜ, ਕੌਣ ਪੜ੍ਹਦਾ ਹੈ ਇੰਞ ? ਤੈਨੂੰ ਕਿਸ ਨੇ ਦੱਸਿਆ ਹੈ ?

ਮਨੋਜ — ਜੀ ਮੈਂ ਛੁੱਟੀਆਂ ਵਿੱਚ ਆਪਣੀ ਭੂਆ ਕੋਲ ਗਿਆ ਸੀ। ਉਨ੍ਹਾਂ ਦੇ ਗੁਆਂਢ ਵਿੱਚ ਇੱਕ ਲੜਕਾ ਸੀ। ਉਸਨੂੰ ਦਿਸਦਾ ਨਹੀਂ ਸੀ ਪਰ ਉਹ ਕਿਤਾਬ ਪੜ੍ਹ ਲੈਂਦਾ ਸੀ।

ਚਾਚਾ — ਕੀ ਉਸਦੀਆਂ ਕਿਤਾਬਾਂ ਤੁਹਾਡੀਆਂ ਕਿਤਾਬਾਂ ਵਰਗੀਆਂ ਸਨ ?

ਮਨੋਜ — ਨਹੀਂ ਜੀ, ਉਸ ਦੀਆਂ ਕਿਤਾਬਾਂ ਬਹੁਤ ਵੱਡੇ ਆਕਾਰ ਦੀਆਂ ਸਨ। ਉਹਨਾਂ ਦੇ ਪੰਨਿਆਂ ਉੱਤੇ ਬਿੰਦੀਆਂ ਜਿਹੀਆਂ ਉੱਭਰੀਆਂ ਹੋਈਆਂ ਸਨ।

**ਚਾਚਾ** — ਹਾਂ ਬੱਚਿਓ! ਮਨੋਜ ਠੀਕ ਕਹਿ ਰਿਹਾ ਹੈ। ਜੋ ਵਿਅਕਤੀ ਵੇਖ ਨਹੀਂ ਸਕਦੇ ਉਹ ਵੀ ਪੜ੍ਹ ਸਕਦੇ ਹਨ ਪਰ ਉਨ੍ਹਾਂ ਦੇ ਪੜ੍ਹਨ ਲਈ ਵਿਸ਼ੇਸ਼ ਪੁਸਤਕਾਂ ਹੁੰਦੀਆਂ ਹਨ।

**ਬੱਚੇ** — ਇਹਨਾਂ ਪੁਸਤਕਾਂ ਦੇ ਅੱਖਰ ਉਨ੍ਹਾਂ ਨੂੰ ਕਿਵੇਂ ਦਿਖ ਜਾਂਦੇ ਹਨ ?

**ਚਾਚਾ** — ਉਨ੍ਹਾਂ ਨੂੰ ਅੱਖਰ ਦਿਸਦੇ ਨਹੀਂ ਬਲਕਿ ਉਹ ਉੱਭਰੇ ਹੋਏ ਅੱਖਰਾਂ ਨੂੰ ਉਂਗਲਾਂ ਦੇ ਪੋਟਿਆਂ ਨਾਲ਼ ਛੂਹ ਕੇ ਮਹਿਸੂਸ ਕਰਦੇ ਹਨ।


**ਕਿਰਿਆ-1 :** ਇੱਕ ਬੱਚੇ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਦਿਓ। ਵੱਖ-ਵੱਖ ਬੱਚੇ ਉਸ ਕੋਲ ਜਾਣ ਅਤੇ ਉਹ ਛੂਹ ਕੇ ਉਨ੍ਹਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰੇ। ਉਹ ਬਹੁਤ ਸਾਰੇ ਬੱਚਿਆਂ ਨੂੰ ਪਛਾਣ ਲਵੇਗਾ। ਅਜਿਹਾ ਕਰਦੇ ਸਮੇਂ ਕੁਝ ਬੱਚਿਆਂ ਦਾ ਹਾਸਾ ਨਿਕਲ ਜਾਵੇਗਾ ਜਾਂ ਉਹ ਕੁਝ ਬੋਲ ਪੈਣਗੇ, ਉਹ ਜਲਦੀ ਪਛਾਣੇ ਜਾਣਗੇ।

ਇਸ ਤੋਂ ਇਹ ਤੱਥ ਸਾਹਮਣੇ ਆਵੇਗਾ ਕਿ ਜਿਸ ਵਸਤੂ ਨੂੰ ਅਸੀਂ ਦੇਖ ਨਹੀਂ ਸਕਦੇ ਉਸ ਨੂੰ ਅਸੀਂ ਛੋਹ ਕੇ ਜਾਂ ਉਸਦੀ ਆਵਾਜ਼ ਤੋਂ ਪਛਾਣ ਸਕਦੇ ਹਾਂ।

## ਆਓ ਬਰੇਲ-ਲਿਪੀ ਬਾਰੇ ਜਾਣੀਏ

ਬੱਚਿਓ ! ਲੂਈ ਬਰੇਲ ਨਾਂ ਦਾ ਇੱਕ ਲੜਕਾ ਸੀ। ਉਸ ਦੀ ਅੱਖ ਵਿੱਚ ਕੋਈ ਤਿੱਖੀ ਚੀਜ਼ ਵੱਜ ਗਈ। ਜਿਸ ਨਾਲ਼ ਉਸਦੀਆਂ ਅੱਖਾਂ ਦੀ ਨਿਗ੍ਹਾ ਖ਼ਤਮ ਹੋ ਗਈ ਪਰ ਉਸਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਉਸਨੇ ਸੋਚਿਆ ਕਿ ਜਦ ਉਹ ਹੋਰ ਵਸਤਾਂ ਛੋਹ ਕੇ ਪਛਾਣ ਸਕਦਾ ਹੈ ਤਾਂ ਅੱਖਰਾਂ ਨੂੰ ਕਿਉਂ ਨਹੀਂ ? ਸੋ ਉਸਨੇ ਮੋਟੇ ਕਾਗਜ਼ ਉੱਤੇ ਸੂਆ **ਖੁਭੋ-ਖੁਭੋ** ਕੇ ਹਰ ਅੱਖਰ ਲਈ ਵੱਖ-ਵੱਖ ਆਕ੍ਰਿਤੀਆਂ ਬਣਾਈਆਂ।

ਇਨ੍ਹਾਂ ਉੱਭਰੀਆਂ ਹੋਈਆਂ ਬਿੰਦੀਆਂ ਉੱਪਰ ਉਂਗਲਾਂ ਦੇ ਪੋਟੇ ਫੇਰ ਕੇ ਉਹਨਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਥੋੜੇ ਜਿਹੇ ਅਭਿਆਸ ਨਾਲ਼ ਅੱਖਰਾਂ ਦੀ ਪਛਾਣ ਆਉਣ ਲੱਗ ਜਾਂਦੀ ਹੈ ਅਤੇ ਇਹਨਾਂ ਕਿਤਾਬਾਂ ਨੂੰ ਪੜ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਛੂਹ ਕੇ ਪੜ੍ਹੀ ਜਾਣ ਵਾਲੀ ਲਿਪੀ ਨੂੰ 'ਬਰੇਲ-ਲਿਪੀ' ਕਿਹਾ ਜਾਂਦਾ ਹੈ।



ਬਰੇਲ ਲਿੱਪੀ



ਬਰੇਲ-ਲਿਪੀ ਨੂੰ ਪੜ੍ਹਦੇ ਹੋਏ

ਪ੍ਰਸ਼ਨ 4. ਛੂਹ ਕੇ ਪੜ੍ਹੀ ਜਾਣ ਵਾਲੀ ਲਿਪੀ ਨੂੰ ਕੀ ਕਹਿੰਦੇ ਹਨ ?

..............................................................................

ਪ੍ਰਸ਼ਨ 5. ਬਰੇਲ-ਲਿਪੀ ਕਿਸ ਨੇ ਤਿਆਰ ਕੀਤੀ ?

..............................................................................

### ਰਾਜੂ ਜਗਜੀਤ ਦਾ ਦੋਸਤ ਬਣਿਆ

ਗਰਮੀਆਂ ਦੀਆਂ ਛੁੱਟੀਆਂ ਵਿੱਚ ਰਾਜੂ ਦੇ ਤਾਇਆ ਜੀ ਦਾ ਪਰਿਵਾਰ ਉਨ੍ਹਾਂ ਕੋਲ਼ ਆਇਆ। ਰਾਜੂ ਦੇ ਤਾਏ ਦੇ ਲੜਕੇ ਜਗਜੀਤ ਨੂੰ ਸੁਣਾਈ ਨਹੀਂ ਦਿੰਦਾ। ਬਚਪਨ ਵਿੱਚ ਉਹ ਬਹੁਤ ਬਿਮਾਰ ਹੋ ਗਿਆ ਸੀ ਜਿਸ ਕਾਰਨ ਉਸਨੂੰ ਸੁਣਨਾ ਬੰਦ ਹੋ ਗਿਆ। ਉਨ੍ਹਾਂ ਦਾ ਸਾਰਾ ਪਰਿਵਾਰ ਉਸ ਨਾਲ਼ ਇਸ਼ਾਰਿਆਂ ਨਾਲ਼ ਗੱਲ ਕਰਦਾ ਹੈ। ਰਾਜੂ ਵੀ ਉਸ ਨੂੰ ਇਸ਼ਾਰਿਆਂ ਨਾਲ਼ ਆਪਣੀ ਗੱਲ ਕਹਿਣੀ ਸਿੱਖ ਗਿਆ, ਜਿਸ ਸਦਕਾ ਰਾਜੂ ਦੀ ਜਗਜੀਤ ਨਾਲ਼ ਬਹੁਤ ਦੋਸਤੀ ਪੈ ਗਈ।

ਰਾਜੂ ਨੂੰ ਪਤਾ ਲੱਗਿਆ ਕਿ ਜਗਜੀਤ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਉਹ ਬੜਾ ਹੈਰਾਨ ਹੋਇਆ? ਉਸਨੇ ਆਪਣੇ ਤਾਇਆ ਜੀ ਨੂੰ ਪੁੱਛਿਆ ਕਿ ਜਗਜੀਤ ਨੂੰ ਸੁਣਦਾ ਨਹੀਂ ਫਿਰ ਉਹ ਆਪਣੇ ਅਧਿਆਪਕ ਦੀਆਂ ਗੱਲਾਂ ਕਿਸ ਤਰ੍ਹਾਂ ਸਮਝਦਾ ਹੈ ? ਤਾਇਆ ਜੀ ਨੇ ਦੱਸਿਆ ਕਿ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਬੱਚਿਆਂ ਲਈ ਵਿਸ਼ੇਸ਼ ਸਕੂਲ ਹੁੰਦੇ ਹਨ। ਜਿੱਥੇ ਇਸ਼ਾਰਿਆਂ ਦੀ ਭਾਸ਼ਾ ਨਾਲ਼ ਪੜ੍ਹਾਇਆ ਜਾਂਦਾ ਹੈ।

ਕਿਰਿਆ-2 : ਅਸੀਂ ਆਪਣੇ ਸੁਨੇਹੇ ਹੋਰਨਾਂ ਤੱਕ, ਬੋਲੇ ਬਗੈਰ, ਇਸ਼ਾਰਿਆਂ ਰਾਹੀਂ ਪਹੁੰਚਾ ਸਕਦੇ ਹਾਂ। ਹੇਠ ਦਿੱਤੇ ਚਿੱਤਰਾਂ ਵਿੱਚ ਕੁੱਝ ਕਿਹਾ ਜਾ ਰਿਹਾ ਹੈ। ਪਹਿਚਾਣੋ ਅਤੇ ਲਿਖੋ।

(ਅਸੀਂ ਜਿੱਤ ਗਏ, ਰੁਕ ਜਾਉ, ਚੁੱਪ ਹੋ ਜਾਉ)





1.............................. 2.............................. 3..............................

**ਕਿਰਿਆ-3 :** ਬੱਚਿਓ, ਜੇਕਰ ਤੁਸੀਂ ਹੇਠ ਲਿਖੇ ਕੰਮ ਕਹਿਣੇ ਹੋਣ ਤਾਂ ਇਸ਼ਾਰਿਆਂ ਨਾਲ਼ ਕਿਵੇਂ ਸਮਝਾਉਗੇ?

1. ਮੈਂ ਪਾਣੀ ਪੀਣਾ ਚਾਹੁੰਦਾ ਹਾਂ।
2. ਮੈਂ ਕੁਝ ਖਾਣਾ ਚਾਹੁੰਦਾ ਹਾਂ।
3. ਚਲੇ ਜਾਓ!
4. ਖੜ੍ਹੇ ਹੋ ਜਾਓ!
5. ਇੱਧਰ ਆਓ!



## ਯਾਦ ਰੱਖਣ ਯੋਗ ਗੱਲਾਂ

- ਬੁਢਾਪੇ ਵਿੱਚ ਸਰੀਰ ਕਮਜ਼ੋਰ ਹੋ ਜਾਂਦਾ ਹੈ।
- ਬਰੇਲ ਲਿਪੀ ਨੂੰ ਹੱਥਾਂ ਨਾਲ਼ ਛੂਹ ਕੇ ਪੜ੍ਹਿਆ ਜਾਂਦਾ ਹੈ।
- ਸਾਨੂੰ ਬਜ਼ੁਰਗਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ।



**6. ਖ਼ਾਲੀ ਥਾਂਵਾਂ ਭਰੋ— :**

(ਦੇਖਭਾਲ਼, ਛੂਹ, ਪੜ੍ਹਨਾ, ਕਹਾਣੀਆਂ)

(ੳ) ਅੱਖਾਂ ਦੀ ਰੌਸ਼ਨੀ ਕਮਜ਼ੋਰ ਹੋਣ ਤੇ ........................ ਔਖਾ ਹੋ ਜਾਂਦਾ ਹੈ।

(ਅ) ਦਾਦਾ-ਦਾਦੀ ਸਾਨੂੰ ........................ ਸੁਣਾਉਂਦੇ ਹਨ ?

(ੲ) ਅਭਿਆਸ ਨਾਲ਼ ਵਸਤੂਆਂ ਨੂੰ ........................ ਕੇ ਪਹਿਚਾਣ ਸਕਦੇ ਹਾਂ।

(ਸ) ਸਾਨੂੰ ਬਜ਼ੁਰਗਾਂ ਦੀ ........................ ਕਰਨੀ ਚਾਹੀਦੀ ਹੈ।

**7. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ—**

(ੳ) ਸਾਨੂੰ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ☐

(ਅ) ਜੋ ਬੱਚੇ ਬੋਲ ਜਾਂ ਸੁਣ ਨਹੀਂ ਸਕਦੇ ਉਨ੍ਹਾਂ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ☐

(ੲ) ਸਾਨੂੰ ਅੱਖਾਂ ਬੰਦ ਕਰਕੇ ਖੇਡਣਾ ਚਾਹੀਦਾ ਹੈ। ☐

(ਸ) ਨਾ ਬੋਲ ਸਕਣ ਵਾਲੇ ਲੋਕ ਇਸ਼ਾਰਿਆਂ ਦੀ ਭਾਸ਼ਾ ਵਿੱਚ ਗੱਲ ਕਰਦੇ ਹਨ। ☐

## ੪. ਮਿਲਾਨ ਕਰੋ—

| | |
|---|---|
| ਲੂਈ ਬਰੇਲ | ਸੰਕੇਤ ਭਾਸ਼ਾ |
| ਕਮਜ਼ੋਰ ਸਰੀਰ | ਬਰੇਲ ਲਿਪੀ |
| ਇਸ਼ਾਰਿਆਂ ਨਾਲ਼ ਗੱਲਬਾਤ | ਬੁਢਾਪਾ |

*****